ਪੁਸਤਕ ਨੰਃ ੨੨]

[ਸੰਤਤ ਭਾਗ ੧੯

ਚੰਦਰ ਕਾਂਤਾ

ਪ੍ਰਕਾਸ਼ਕ

ਭਾਈ ਸੁੰਦ੍ ਸਿੰਘ ਹਕੀਮ ਚੌਂਕ ਬਾਬਾ ਅਟੱਲ

ਅੰਮ੍ਰਤਸਰ

ੴ ਸਤਿਗੁਰਪ੍ਰਸਾਦਿ ॥

ਚੰਦ੍ਰਕਾਂਤਾ ਸੰਤਤਿ

ਅਠਾਰ੍ਹਵਾਂ ਭਾਗ

ਪਹਿਲਾ ਕਾਂਡ

—o—

ਤਾਰਾ ਸਿੰਘ ਦੇ ਹਥ ਵਿਚ ਨਾਨਕ ਦਾ ਮੁਕੱਦਮਾ ਦਿਤਾ ਗਿਆ ਰਾਜਾ ਬੀਰੇਂਦ੍ਰ ਸਿੰਘ ਨੇ ਤਾਰਾ ਸਿੰਘ ਨੂੰ ਕਿਹਾ ਕਿ ਉਸਦੇ ਘਰ ਜਾਕੇ ਉਸਦੇ ਚਾਲ ਚਲਣਦਾ ਸੱਚਾਸੱਚਾ ਹਾਲ ਮਲੂਮਕਰ ਆਵੇ। ਇਸਦੇ ਪਹਿਲੇ ਕਿ ਤਾਰਾਸਿੰਘਨਾਨਕਸਿੰਘ ਦੇ ਚਾਲ ਚਲਨਦਾਹਾਲ ਮਲੂਮ ਕਰੇ ਉਸਨੇ ਪਹਿਲਾਂ ਨਾਨਕ ਦੇ ਘਰ ਦਾ ਹਾਲ ਮ ੂਮ ਕਰਨਾ ਅਰੰਭ ਕਰ ਦਿਤਾ ਅਤੇ ਉਸਦੀ ਇਸਤ੍ਰੀ ਦੇ ਭੇਤ ਮਲੂਮ ਕਰਨ ਦਾ ਯਤਨ ਕਰਨ ਲਗਾ। ਜਦ ਨਾਨਕ ਦੀ ਇਸਤ੍ਰੀ ਸੁਖੈਨ ਹੀ ਤਾਰਾ ਸਿੰਘ ਦੇ ਪਾਸ ਆ ਗਈ ਤਾਂ ਉਸਨੂੰ ਉਸਦੀ ਬਦਚਲਨੀ ਦਾ ਨਿਸ਼ਾਨ ਮਾਲੂਮ ਹੋਗਿਆ ਤੇ ਉਸਨੇ ਚਾਹਿਆ ਕਿ ਕਿਸੇ ਬਹਾਨੇ ਨਾਨਕ ਦੀ ਵਹੁਟੀ ਨੂੰ ਟਾਲ ਦੇਵਾਂ ਤੇ ਫੇਰ ਨਾਨਕ ਦੀ ਨੀਯਤ ਦਾ ਪਤਾ ਲਵਾਂ ਪਰ ਉਸਦੀ ਕਾਰਰਵਾਈ ਵਿਚ ਓਸੇ ਵੇਲੇ ਵਿਘਨ ਪੈਗਿਆ, ਜਦ ਨਾਨਕ ਦੀ ਵਹੁਟੀ ਤਾਰਾ ਸਿੰਘ ਦੇ ਸਾਹਮਣੇ ਜਾ

ਬੈਠੀ ਤੇ ਓਸੇ ਵੇਲੇ ਬਾਹਰੋਂ ਕਿਸੇ ਦੇ ਔਣ ਦੀ ਅਵਾਜ ਆਈ।

ਅਸੀਂ ਲਿਖ ਚੁਕੇ ਹਾਂ ਕਿ ਨਾਨਕ ਦੇ ਘਰ ਇਕ ਮਜ਼ੂਰਨੀ ਭੀ ਸੀ, ਓਹ ਨਾਨਕ ਦੇ ਕੰਮ ਦੀ ਭਾਵੇਂ ਨ ਹੋਵੇ ਪਰ ਨਾਨਕ ਦੀ ਵਹੁਟੀ ਲਈ ਚੰਗੀ ਸੀ ਤੇ ਉਸ ਦੀ ਰਾਹੀਂ ਨਾਨਕ ਦੀ ਵਹੁਟੀ ਦਾ ਕੰਮ ਬਣਦਾ ਸੀ, ਪਰ ਇਸ ਤਾਰਾ ਸਿੰਘ ਵਾਲੇ ਮਾਮਲੇ ਵਿਚ ਸ਼ਜਾਮਾ ਦੀ ਗੱਲ ਬਾਤ ਹਨੂੰਮਾਨ ਦੀ ਰਾਹੀਂ ਹੋਈ ਸੀ, ਇਸ ਵਾਸਤੇ ਵਿਚ ਵਿਚੋਲੀ ਦੀ ਰਕਮ ਵਿਚੋਂ ਮਜ਼ੂਰਨੀ ਨੂੰ ਇਕ ਕੌਡੀ ਭੀ ਨਹੀਂ ਲਭੀ ਸੀ, ਸੋ ਉਸਨੂੰ ਬੜਾ ਕ੍ਰੋਧ ਹੋਇਆ ਤੇ ਓਹ ਮਿਤ੍ਰਤਾਈ ਦੀ ਥਾਂ ਵੈਰ ਕਰਨ ਲਈ ਤਿਆਰ ਹੋ ਗਈ, ਸ਼ਜਾਮ ਰਾਣੀ ਨੂੰ ਉਸ ਮਜ਼ੂਰਨੀ ਤੋਂ ਕੋਈ ਪਰਦਾ ਤਾਂ ਹੈਗਾ ਹੀ ਨਹੀਂ ਸੀ ਇਸ ਵਾਸਤੇ ਉਸਨੂੰ ਸਾਰੀ ਗੱਲ ਤਾਂ ਸੁਣਾ ਦਿਤੀ ਪਰ ਉਸਦੇ ਹਾਨ ਲਾਭ ਤੇ ਕੁਝ ਵਿਚਾਰ ਨਾ ਕੀਤੀ ਇਸ ਵਾਸਤੇ ਮਜ਼ੂਰਨੀ ਚੁਪ ਚਾਪ ਸਭ ਕੁਝ ਦੇਖਦੀ ਤੇ ਸੁਣਦੀ ਰਹੀ ਤੇ ਜਦ ਸ਼ਜਾਮਾ ਤਾਰਾ ਸਿੰਘ ਦੇ ਘਰ ਚਲੀ ਗਈ ਤਾਂ ਜਦ ਨਾਨਕ ਘਰ ਆਇਆ ਤਾਂ ਓਸ ਨੇ ਆਪਣਾ ਨਾਉਂ ਨਾ ਦੱਸਣ ਦਾ ਇਕਰਾਰ ਕਰਾ ਕੇ ਨਾਨਕ ਨੂੰ ਸਭ ਭੇਤ ਦਸ ਦਿਤਾ ਤੇ ਨਾਲ ਜਾ ਕੇ ਤਾਰਾ ਸਿੰਘ ਦਾ ਮਕਾਨ ਭੀ ਵਿਖਾ ਦਿਤਾ ਕਿਉਂਕਿ ਉਸਨੂੰ ਸਭ ਪਤਾ ਸੀ।

ਨਾਨਕ ਨੇ ਜਦ ਇਹ ਸੁਣਿਆ ਕਿ ਉਸਦੀ ਇਸਤ੍ਰੀ ਕਿਸੇ ਪ੍ਰਦੇਸੀ ਦੇ ਘਰ ਗਈ ਹੈ ਤਾਂ ਉਸਨੂੰ ਬੜਾ ਕ੍ਰੋਧ ਆਇਆ ਤੇ ਓਹ ਏਜਾਰੀ ਦੇ ਸਾਮਾਨ ਨਾਲ ਲੈ ਕੇ ਇਕੱਲਾ ਹੀ ਸ਼ਜਾਮਾਂ ਦੇ ਪਿਛੇ ਤੁਰ ਪਿਆ।

ਭਾਵੇਂ ਨਾਨਕ ਨੇ ਕਿਸੇ ਕਾਰਨ ਕਰ ਕੇ ਲੋਕ ਲਜਿਆ

ਨੂੰ ਚੁਲੀ ਪਾ ਦਿਤੀ ਸੀ ਪਰ ਏਜਾਰੀ ਨੂੰ ਨਹੀਂ ਛਡਿਆ ਸੀ ਓਸਨੂੰ ਆਪਣੀ ਏਜਾਰੀ ਤੇ ਬੜਾ ਭਰੋਸਾ ਸੀ ਤੇ ਓਹ ਪੰਜ ਚਾਰ ਆਦਮੀਆਂ ਵਿਚ ਵੜ ਕੇ ਲੜਨ ਦੀ ਹਿੰਮਤ ਭੀ ਰਖਦਾ ਸੀ ਏਹੋ ਕਾਰਨ ਸੀ ਕਿ ਓਹ ਆਪਣੇ ਕਿਸੇ ਸੰਗੀ ਸਾਥੀ ਦੀ ਪ੍ਰਵਾਹ ਨਾ ਕਰਕੇ ਕੱਲਾ ਹੀ ਸ਼ਜਾਮ ਰਾਣੀ ਦੇ ਪਿਛੇ ਤੁਰ ਪਿਆ। ਹਾਂ ! ਜੇ ਓਸਨੂੰ ਇਹ ਪਤਾ ਹੁੰਦਾ ਕਿ ਸ਼ਜਾਮਰਾਣੀ ਇਸ ਵੇਲੇ ਤਾਰਾ ਸਿੰਘ ਦੇ ਪਾਸ ਗਈ ਹੈ ਤਾਂ ਓਹ ਕਦੇ ਇਕੱਲਾ ਨਾ ਜਾਂਦਾ।

ਨਾਨਕ ਇਸਤ੍ਰੀ ਦੇ ਭੇਸ ਵਿਚ ਘਰੋਂ ਨਿਕਲਿਆ ਤੇ ਜਦ ਤਾਰਾ ਸਿੰਘ ਦੇ ਮਕਾਨ ਕੋਲ ਪਹੁੰਚਾ ਤਾਂ ਕਮੰਦ ਲਾ ਕੇ ਓਸ ਮਕਾਨ ਦੇ ਉਪਰ ਚੜ੍ਹ ਗਿਆ ਤੇ ਹੌਲੀ ਹੌਲੀ ਉਸ ਕੋਠੜੀ ਪਾਸ ਜਾ ਪਹੁੰਚਾ ਜਿਸਦੇ ਅੰਦਰ ਤਾਰਾ ਸਿੰਘ ਤੇ ਸ਼ਜਾਮਾ ਸਨ ਤੇ ਬਾਹਰ ਹਨੂੰਮਾਨ ਤੇ ਤਾਰਾ ਸਿੰਘ ਦਾ ਚੇਲਾ ਪਹਿਰਾ ਦੇ ਰਹੇ ਸਨ। ਓਥੇ ਪਹੁੰਚਦਿਆਂ ਹੀ ਓਸਨੇ ਆਪਣੇ ਨੌਕਰ ਹਨੂੰਮਾਨ ਦੇ ਲਕ ਵਿਚ ਜੋਰ ਦੀ ਲੱਤ ਮਾਰੀ, ਜਿਸ ਨਾਲ ਓਹ ਮੂੰਹ ਦੇ ਭਾਰ ਜਾ ਪਿਆ ਤੇ ਰੋਣ ਲਗ ਪਿਆ, ਜਿਸਨੂੰ ਛੇੜਨ ਲਈ ਨਾਨਕ ਆਪ ਭੀ ਇਸਤ੍ਰੀਆਂ ਵਾਂਗ ਰੋਣ ਲਗ ਪਿਆ।

ਏਹੋ ਰੋਣ ਦੀ ਅਵਾਜ਼ ਸੀ ਜਿਸਨੂੰ ਅੰਦਰ ਬੈਠੇ ਤਾਰਾ ਸਿੰਘ ਤੇ ਸ਼ਜਾਮਾ ਨੇ ਸੁਣਿਆ ਸੀ, ਰੋਣ ਦੀ ਅਵਾਜ਼ ਸੁਣਦਿਆਂ ਹੀ ਤਾਰਾ ਸਿੰਘ ਉਠ ਖਲੋਤਾ ਤੇ ਹਥ ਵਿਚ ਖੰਜਰ ਲੈ ਕੇ ਬਾਹਰ ਨਿਕਲ ਆਇਆ। ਓਥੇ ਆਪਣੇ ਚੇਲੇ ਤੇ ਹਨੂੰਮਾਨ ਦੇ ਬਿਨਾਂ ਇਕ ਹੋਰ ਇਸਤ੍ਰੀ ਨੂੰ ਦੇਖ ਕੇ ਹੈਰਾਨ ਹੋ ਗਿਆ ਤੇ ਓਸਨੇ ਨਾਨਕ ਨੂੰ ਪੁਛਿਆ—ਤੂੰ ਕੌਣ ਹੈਂ ?

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.